# ਸਾਹਿਤਕ ਪਾਠ
## ਸਿੱਧਾਂਤਕ ਅਤੇ ਵਿਹਾਰਕ ਪਰਿਪੇਖ



**ਡਾ. ਪ੍ਰਵੀਨ ਕੁਮਾਰ**

ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
✆ 9888250732

***"What cannot be said above all must not be silenced but written."***
"ਜੋ ਅਕੱਥ ਹੈ, ਉਸਨੂੰ ਹਰਗਿਜ਼ ਮੌਨ ਨਹੀਂ ਰਹਿਣਾ ਚਾਹੀਦਾ, ਸਗੋਂ ਉਸ ਨੂੰ ਲਿਖ ਦੇਣਾ ਚਾਹੀਦਾ ਹੈ।"
**-Jacques Derirda**

21ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸਾਹਿਤਕ ਪਾਠ ਦਾ ਨਿਰੋਲ ਸਿਧਾਂਤ ਤਿਆਰ ਕਰਨਾ ਬਹੁਤ ਕਠਿਨ ਕਾਰਜ ਹੈ । ਇਹ ਵੀ ਉਸ ਵਕਤ ਜਦੋਂ ਸਾਡੇ ਦਿਮਾਗ ਵਿਚ ਪਾਠ ਦੀ ਅਸਥੈਟਿਕ ਤੇ ਹੋਰ ਕਈ ਗੁੰਜਲਾਂ ਹੋਣ । ਪੰਜਾਬੀ ਆਲੋਚਨਾ ਵਿਚ ਵੀ ਪਾਠ ਦੇ ਅਧਿਐਨ ਵਿਧੀ ਦੀ ਸੀਮਾ 20ਵੀਂ ਸਦੀ ਦੇ ਸਰੋਕਾਰ ਹੀ ਰਹੇ ਹਨ। ਵਿਸ਼ਵ ਪੱਧਰ 'ਤੇ ਵਰਤਮਾਨ ਵਿਚ ਕਈ ਨਵੇਂ ਸਿੱਧਾਂਤਕ ਸਰੋਕਾਰਾਂ ਵਿਚ ਫੇਰ ਬਦਲ ਆਏ ਹਨ। ਇਹ ਰਚਨਾਤਮਕ ਢੰਗ ਰਵਾਇਤੀ ਢਾਂਚਿਆਂ ਨੂੰ ਤੋੜ ਕੇ ਨਵਾਂ ਅਨੁਭਵ ਦਿੰਦੇ ਹਨ। ਇਸ ਸਦੀ ਵਿਚ ਖੋਜ ਦੇ ਮੁੱਖ ਸਵਾਲਾਂ ਨੇ ਇਹ ਮੰਨ ਲਿਆ ਹੈ ਕਿ ਸਮੁੱਚੀ ਕਾਇਨਾਤ ਨੂੰ ਇਕ ਨਵਾਂ ਵਿਚਾਰ ਲੋੜੀਂਦਾ ਹੈ। ਇਸ ਲਈ ਸਾਹਿਤਕ ਪਾਠ ਨੂੰ ਵੀ ਨਿਰੋਲ ਸਾਇੰਟਿਫਿਕ ਟੈਂਪਰਾਮੈਂਟ ਨਾਲ ਨਹੀਂ ਸਮਝਿਆ ਜਾ ਸਕਦਾ ਹੈ। ਇਸ ਦੌਰ ਵਿਚ ਮਾਈਕਰੋ ਅਧਿਐਨ ਮੁੱਖ ਰੂਪ ਵਿਚ ਸਿਚੁਏਟ ਹੋ ਰਿਹਾ ਹੈ । ਸਾਹਿਤਕ ਅਧਿਐਨ ਦਾ ਮੁੱਖ ਕੇਂਦਰ ਪਾਠ ਹੁੰਦਾ ਹੈ। ਪਰ ਇਕ 'ਸਾਹਿਤਕ ਪਾਠ' ਕੀ ਹੁੰਦਾ ਹੈ, ਅਤੇ ਇਸ ਨੂੰ ਕਿਵੇਂ ਪੜ੍ਹਨਾ ਚਾਹੀਦਾ ਹੈ, ਇਹ ਹਮੇਸ਼ਾ ਵਾਦ-ਵਿਵਾਦ ਦਾ ਵਿਸ਼ਾ ਬਣਿਆ ਰਹਿਆ ਹੈ। ਇਸ ਸੰਬੰਧੀ ਵੱਖ-ਵੱਖ ਸਿਧਾਂਤਕ ਲਹਿਰਾਂ ਨੇ ਪਾਠ ਪੜ੍ਹਨ ਅਤੇ ਸਮਝਣ ਲਈ ਅਲੱਗ-ਅਲੱਗ ਢੰਗ ਦਿੱਤੇ ਹਨ। ਇਕ ਸਾਹਿਤਕ ਪਾਠ ਅਨੇਕ ਅਰਥ ਅਤੇ ਵਿਆਖਿਆਵਾਂ ਨੂੰ ਜਨਮ ਦੇ ਸਕਦਾ ਹੈ। ਪਾਠ ਦਾ ਅਰਥ ਹਮੇਸ਼ਾ ਸਥਿਰ ਨਹੀਂ ਹੁੰਦਾ। ਸਾਹਿਤਕ ਪਾਠ ਕਲਪਨਾਤਮਕ ਵੀ ਹੋ ਸਕਦਾ ਹੈ ਪਰ ਕਈ ਵਾਰ ਇਹ ਸੱਚਾਈ ਨੂੰ ਵਿਅਕਤ ਕਰਨ ਦੀ ਥਾਂ, ਕਲਪਨਾ ਰਾਹੀਂ ਕੋਈ ਨਵੀਂ ਸੱਚਾਈ ਪੇਸ਼ ਕਰਦਾ ਹੈ। ਸਾਹਿਤਕ ਪਾਠ ਜ਼ਿਆਦਾਤਰ ਸਮਾਜਿਕ ਹਕੀਕਤਾਂ, ਸੰਘਰਸ਼ਾਂ ਅਤੇ ਮੌਜੂਦਾ ਸਥਿਤੀਆਂ ਦੀ ਚਿੱਤਰਕਾਰੀ ਕਰਦਾ ਹੈ।

ਵੀਹਵੀਂ ਸਦੀ ਦੇ ਆਖ਼ਰੀ ਤੀਜੇ ਹਿੱਸੇ ਨੂੰ ਸੰਗੀਤਕ ਕਲਾ ਵਿਚ ਨਵ-ਵਿਗਿਆਨਕ ਅਤੇ ਰਚਨਾਤਮਕ ਪੈਰਾਡਾਈਮ ਦੀ ਖੋਜ, ਉਨ੍ਹਾਂ ਦੇ ਪਰਿਵਰਤਨ ਅਤੇ ਪ੍ਰਯੋਗ ਨਾਲ ਚਿੰਨ੍ਹਿਤ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ Fragmentarism (ਖੰਡਿਤਵਾਦ) ਇਕ ਮਹੱਤਵਪੂਰਨ ਅਤੇ ਕੇਂਦਰੀ ਢੰਗ ਵਜੋਂ ਉਭਰਿਆ, ਜੋ ਇਸ ਸਮੇਂ ਦੌਰਾਨ ਸੰਗੀਤਕ ਰਚਨਾਵਾਂ ਦੀ ਰਚਨਾ ਅਤੇ ਅਰਥ ਭਰਪੂਰ ਪੱਧਰਾਂ ਤੇ ਬਣ ਗਿਆ। ਇਹ ਅਧਿਐਨ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਜੋ ਫ੍ਰੈਗਮੈਂਟਰਿਜ਼ਮ ਪਹਿਲਾਂ Peripheral ਸੀ, ਉਹ 20ਵੀਂ ਸਦੀ ਦੇ ਆਖਰੀ ਤੀਜੇ ਹਿੱਸੇ ਵਿਚ ਰਚਨਾ ਦੇ ਢਾਂਚੇ ਅਤੇ ਅਰਥ ਨੂੰ ਕੋਡ ਕਰਨ ਵਾਲਾ ਕੇਂਦਰੀ ਤੱਤ ਬਣ ਗਿਆ ਹੈ। ਇਸ ਦੇ ਨਾਲ-ਨਾਲ, Precedent ਅਤੇ Intertextuality (ਅੰਤਰ-ਪਾਠਕਤਾ) ਦੇ ਪ੍ਰਭਾਵ ਵੀ ਵਧੇਰੇ ਮਹੱਤਵਪੂਰਨ ਹੋ ਗਏ, ਖਾਸ ਕਰਕੇ ਜਦੋਂ ਇਹ ਮਿਕਸਡ ਸਟਾਈਲ ਅਤੇ ਮਿਕਸਡ ਜਾਨਰ ਨਾਲ ਜੁੜਦੇ ਹਨ। ਫ੍ਰੈਗਮੈਂਟਨਿਜ਼ਮ ਰਾਹੀਂ ਨਿਰਮਿਤ ਸੰਗੀਤਕ ਪਾਠਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਰੂਪ, ਜਾਨਰ ਅਤੇ ਸ਼ੈਲੀਗਤ ਤੱਤਾਂ ਦੀ ਅਰਥ ਪੂਰਨ ਸਮੱਗਰੀ ਰਚਨਾ ਵਿਚ ਸ਼ਾਮਿਲ ਹੋਈ ਹੈ। ਇਹ ਤੱਤ ਉਨ੍ਹਾਂ ਪਾਠਾਂ ਰਾਹੀਂ ਪ੍ਰਗਟ ਹੁੰਦੇ ਹਨ ਜੋ ਨਿਰਧਾਰਤ ਸ਼ੈਲੀਆਂ ਦੇ ਸਮੂਹਾਂ ਵਿਚ ਸ਼ਾਮਿਲ ਹੁੰਦੇ ਹਨ। ਫ੍ਰੈਗਮੈਂਟਰਿਜ਼ਮ ਇਕ ਕਲਾ, ਸਾਹਿਤ, ਸੰਗੀਤ ਅਤੇ ਦਰਸ਼ਨ ਨਾਲ ਸੰਬੰਧਿਤ ਰੁਝਾਨ ਹੈ, ਜੋ ਅਧੂਰੇਪਣ, ਅਟੁੱਟਤਾ (Discontinuity) ਅਤੇ ਗ਼ੈਰ-ਰੇਖੀ ਢਾਂਚੇ (Non-linear structure) ਉੱਤੇ ਜ਼ੋਰ ਦਿੰਦਾ ਹੈ। ਇਸ ਵਿਚ ਰਚਨਾ ਨੂੰ ਇਕ ਪੂਰਨ ਇਕਾਈ ਵਜੋਂ ਪੇਸ਼ ਕਰਨ ਦੀ ਬਜਾਏ, ਛੋਟੇ-ਛੋਟੇ ਟੁਕੜਿਆਂ (Fragments) ਰਾਹੀਂ ਅਰਥ ਪੈਦਾ ਕੀਤਾ ਜਾਂਦਾ ਹੈ। ਇਹ ਰਚਨਾਤਮਕ ਢੰਗ ਰਵਾਇਤੀ ਢਾਂਚਿਆਂ ਨੂੰ ਤੋੜ ਕੇ ਨਵਾਂ ਅਨੁਭਵ ਦਿੰਦਾ ਹੈ। ਇਹ ਵਿਸ਼ੇਸ਼ ਤੌਰ 'ਤੇ 20ਵੀ ਸਦੀ ਦੇ ਆਖਰੀ ਹਿੱਸੇ ਵਿਚ ਮਹੱਤਵਪੂਰਨ ਬਣਿਆ, ਜਦੋਂ ਕਲਾ ਅਤੇ ਵਿਚਾਰਧਾਰਾ ਵਿਚ ਤਬਦੀਲੀਆਂ ਆ ਰਹੀਆਂ ਸਨ। ਇੱਥੇ ਰਚਨਾਵਾਂ

ਅਕਸਰ ਬਿਨਾਂ ਸ਼ੁਰੂਆਤ ਜਾਂ ਅਖੀਰ ਦੇ ਹੁੰਦੀਆਂ ਹਨ, ਜੋ ਪਾਠਕ ਨੂੰ ਸੋਚਣ ਅਤੇ ਅਰਥ ਲੱਭਣ ਲਈ ਮਜ਼ਬੂਰ ਕਰਦੀਆਂ ਹਨ। ਆਮ ਤੌਰ ’ਤੇ ਸਾਹਿਤਕ ਪਾਠ ਉਸ ਲਿਖਤ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਰਚਨਾਤਮਕਤਾ, ਬੌਧਿਕਤਾ ਅਤੇ ਸੁੰਦਰਤਾ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਪਰ ਵੱਖ-ਵੱਖ ਆਲੋਚਕ ਦ੍ਰਿਸ਼ਟੀਕੋਣਾਂ ਅਨੁਸਾਰ ਇਸ ਦੀ ਪਰਿਭਾਸ਼ਾ ਵੀ ਬਦਲ ਜਾਂਦੀ ਹੈ। ਇਸ ਲਈ ਕਿਸੇ ਲਈ ਪਾਠ ਸਵੈ-ਨਿਰਭਰ ਇਕਾਈ ਹੈ, ਜਦਕਿ ਹੋਰਾਂ ਲਈ ਇਹ ਸਮਾਜਿਕ ਅਤੇ ਵਿਚਾਰਧਾਰਕ ਸਿਰਜਨਾ ਹੈ। Louis Althusser ਨੇ ਸਾਹਿਤਕ ਪਾਠ ਬਾਰੇ ਆਪਣੇ ਵਿਚਾਰ ਵਿਚਾਰਧਾਰਾ ਅਤੇ State Apparatuses ਦੇ ਸੰਦਰਭ ਵਿਚ ਦਿੱਤੇ। ਉਸ ਅਨੁਸਾਰ ਸਾਹਿਤ ਸਿਰਫ਼ ਮਨੋਰੰਜਨ ਜਾਂ ਸੁੰਦਰਤਾ ਦਾ ਸਰੋਤ ਨਹੀਂ, ਸਗੋਂ ਇਕ ਵਿਚਾਰਧਾਰਕ ਸੰਰਚਨਾ (Ideological Structure) ਦਾ ਹਿੱਸਾ ਹੈ ਜੋ ਸਮਾਜ ਵਿਚ ਵਰਗੀਕ੍ਰਤ ਸੰਬੰਧਾਂ (Class Relations) ਨੂੰ ਬਣਾਈ ਰੱਖਣ ਵਿਚ ਯੋਗਦਾਨ ਪਾਉਂਦੀ ਹੈ। ਸਕੂਲ, ਮੀਡੀਆ, ਧਰਮ, ਪਰਿਵਾਰ ਅਤੇ ਸਾਹਿਤ ਆਦਿ ਇਸ ਤਰਾਂ ਦੇ ਸੰਸਥਾਨਕ ਢਾਂਚੇ ਹਨ ਜੋ ਰਾਜ ਦੇ ਦਬਾ ਨਾਲ ਨਹੀਂ, ਸਗੋਂ ਵਿਚਾਰਧਾਰਾ ਰਾਹੀਂ ਨਾਗਰਿਕਾਂ ਨੂੰ ਨਿਯੰਤਰਿਤ ਕਰਦੇ ਹਨ। ਸਾਹਿਤ ਵੀ ਇਕ Ideological State Apparatuses ਵੀ ਹੈ। ਸਾਹਿਤਕ ਪਾਠ ਅਕਸਰ ਇਸ ਤਰ੍ਹਾਂ ਲਿਖੇ ਜਾਂ ਪੇਸ਼ ਕੀਤੇ ਜਾਂਦੇ ਹਨ ਕਿ ਉਹ ਆਪਣੀ ਵਿਚਾਰਧਾਰਾ ਨੂੰ ਨਿਰਪੱਖ ਜਾਂ ਕੁਦਰਤੀ ਦਰਸਾਉਂਦੇ ਹਨ, ਪਰ ਅਸਲ ਵਿਚ ਉਹ ਕਿਸੇ ਨ ਕਿਸੇ ਵਰਗ ਦੀਆਂ ਵੱਖਰੀਆਂ ਸੋਚਾਂ ਨੂੰ ਪੇਸ਼ ਕਰਦੇ ਹਨ। ਸਾਹਿਤਕ ਪਾਠ ਪਾਠਕ ਨੂੰ Interpret ਕਰਦਾ ਹੈ, ਅਰਥਾਤ ਪਾਠਕ ਨੂੰ ਇਕ ਨਿਸ਼ਚਤ ਪਛਾਣ ਜਾਂ ਸਥਿਤੀ ਵਿਚ “ਪੁਕਾਰਦਾ” ਹੈ। ਉਦਾਹਰਨ ਵਜੋਂ, ਜਦੋਂ ਇਕ ਕਹਾਣੀ ਕਿਸੇ ਮਰਦ ਨੂੰ “ਹੀਰੋ” ਬਣਾਉਂਦੀ ਹੈ ਅਤੇ ਔਰਤ ਨੂੰ “ਮਾਸੂਮ”, ਤਾਂ ਉਹ ਪਾਠਕ ਨੂੰ ਲਿੰਗ ਆਧਾਰਤ ਭੂਮਿਕਾਵਾਂ ਵਿਚ ਵੀ ਫਸਾਉਂਦੀ ਹੈ। Althusser ਦੇ ਅਨੁਸਾਰ, ਹਰ ਪਾਠ ਵਿਚ ਅਜਿਹੀਆਂ ਤਕਰਾਰਾਂ ਹੁੰਦੀਆਂ ਹਨ ਜੋ ਉਸ ਦੀ ਲੁਕਵੀਂ ਵਿਚਾਰਧਾਰਾ ਨੂੰ ਬੇਨਕਾਬ ਕਰ ਸਕਦੀਆਂ ਹਨ। ਇਨ੍ਹਾਂ ਨੂੰ ਖੋਲ੍ਹ ਕੇ ਪਾਠ ਦੀ ‘Ideological critique’ ਕੀਤੀ ਜਾ ਸਕਦੀ ਹੈ। ਉਸ ਅਨੁਸਾਰ, ਸਾਹਿਤਕ ਪਾਠ ਕੋਈ ‘ਪਵਿੱਤਰ’ ਜਾਂ ‘ਨਿਰਪੱਖ’ ਚੀਜ਼ ਨਹੀਂ, ਸਗੋਂ ਇਕ ਐਸਾ ਰਚਨਾਤਮਕ ਹਥਿਆਰ ਹੈ ਜੋ ਸਮਾਜ ਵਿਚ ਚੁੱਪ-ਚਾਪ ਵਿਚਾਰਧਾਰਾ ਅਤੇ ਸਮਾਜਿਕ ਸੰਬੰਧਾਂ ਨੂੰ ਬਣਾਈ ਰੱਖਦਾ ਹੈ। (Althusser, Loius,1971:127) ਦੈਰਿਦਾ ਦਾ ਮੂਲ ਤਰਕ ਇਹ ਹੈ ਕਿ ਭਾਸ਼ਾ ਕਦੇ ਵੀ ਪੂਰੀ ਤਰ੍ਹਾਂ Definitive ਅਰਥ ਨਹੀਂ ਦੇ ਸਕਦੀ। ਹਰ ਸ਼ਬਦ ਦੂਜੇ ਸ਼ਬਦਾਂ ਨਾਲ ਸੰਬੰਧਤ ਹੁੰਦਾ ਹੈ ਅਤੇ ਵੱਖਰਤਾ ਵਿਚ ਅਰਥ ਗ੍ਰਹਿਣ ਕਰਦੇ ਹਨ। ਸਾਹਿਤਕ ਪਾਠ, ਇਸ ਅਰਥ ਵਿਚ, ਕੋਈ ਇਕ ਫਿਕਸ ਅਰਥ ਨਹੀਂ ਰੱਖਦਾ। ਪਾਠ ਹਰ ਵਾਰੀ ਵੱਖ-ਵੱਖ ਪਾਠਕ ਵੱਲੋਂ ਵੱਖਰੀ ਤਰੀਕੇ ਨਾਲ ਪੜ੍ਹਿਆ ਜਾਂਦਾ ਹੈ। Deconstruciton ਦੱਸਦੀ ਹੈ ਕਿ ਪਾਠ ਆਪਣੇ ਆਪ ਨਾਲ ਵੀ ਸੰਘਰਸ਼ ਕਰਦਾ ਹੈ। ਉਹ ਕਿਸੇ ਇਕ ਅਰਥ ਨੂੰ ਪੂਰੀ ਤਰ੍ਹਾਂ ਸਥਾਪਿਤ ਨਹੀਂ ਕਰ ਸਕਦਾ। ਉਹ ਲਿਖਦਾ ਹੈ ਕਿ ਸਾਹਿਤਕ ਟੈਕਸਟ ਕੋਈ ਕੇਂਦਰੀ ‘ਅਸਲ ਅਰਥ’ ਨਹੀਂ ਹੁੰਦਾ ਹੈ। ਪਾਠ ਅਨੇਕ ਅਰਥਾਂ ਦੀ ਸੰਭਾਵਨਾ ਰੱਖਦਾ ਹੈ। ਪਾਠਕ ਦੀ ਭੂਮਿਕਾ ਕੇਂਦਰੀ ਹੈ। ਕੋਈ ਵੀ ਪਾਠ ਬਿਨਾਂ ਸੰਵਾਦ ਦੇ, ਉਹ ਸਵੈ-ਵਿਰੋਧੀ ਵੀ ਹੋ ਸਕਦਾ ਹੈ। ਸਾਹਿਤਕ ਵਿਆਖਿਆ ਇਕ ਖੋਜੀ ਪ੍ਰਕਿਰਿਆ ਹੈ, ਨਾ ਕਿ ਕਿਸੇ Ulitmate ਨਤੀਜੇ ਦੀ ਘੋਸ਼ਣਾ ਹੈ। (Derirda, Jacques,1982:1) ਰੈਨੇ ਵੇਲੈਕ ਅਤੇ ਆਸਟਿਨ ਵਾਰਨ ਦੀ ਪੁਸਤਕ “Theory of Literature” ਵਿਚ ਸਾਹਿਤਕ ਪਾਠ ਨੂੰ ਇਕ ਆਤਮ ਨਿਰਭਰ ਰਚਨਾ ਵਜੋਂ ਵੇਖਿਆ ਗਿਆ ਹੈ। ਉਹ ਮੰਨਦੇ ਹਨ ਕਿ ਸਾਹਿਤਕ ਪਾਠ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਅੰਦਰੂਨੀ ਸੰਰਚਨਾ, ਰੂਪ ਅਤੇ ਅਰਥ ਰਾਹੀਂ ਵਿਸ਼ਲੇਸ਼ਣਯੋਗ ਹੈ। ਇਹ ਪਾਠ ਸਮਾਜਿਕ ਜਾਂ ਇਤਿਹਾਸਕ ਪ੍ਰਸੰਗ ਨਾਲ ਸੰਬੰਧਤ ਹੋ ਸਕਦਾ ਹੈ, ਪਰ ਉਸਦੀ ਅਸਲ ਮਹੱਤਤਾ ਉਸਦੀ ਭਾਸ਼ਾ, ਰਚਨਾ ਅਤੇ ਅੰਦਰੂਨੀ ਤਰਕ ਵਿਚ ਨਿਹਿਤ ਹੁੰਦੀ ਹੈ। (Wellek, René and Warren, Austin ,1949:20) ਸਾਹਿਤ ਦੀ ਪਰਿਭਾਸ਼ਾ ਸਮੇਂ ਦੇ ਨਾਲ ਬਦਲਦੀ ਰਹਿੰਦੀ ਹੈ। ਸਾਹਿਤਕ ਪਾਠ ਇਕ ਵਿਚਾਰਧਾਰਕ ਰਚਨਾ ਵੀ ਹੋ ਸਕਦੀ ਹੈ ਜੋ ਸਮਾਜ ਵਿਚ ਮੌਜੂਦ ਸ਼ਕਤੀ ਸੰਬੰਧਾਂ ਨੂੰ ਦਰਸਾਉਂਦੀ ਜਾਂ ਉਨ੍ਹਾਂ ਨੂੰ ਚੁਣੌਤੀ ਵੀ ਦਿੰਦੀ ਹੈ। ਪਾਠ ਦਾ ਅਰਥ ਸਿਰਫ਼ ਲੇਖਕ ਦੀ ਨੀਅਤ ਨਹੀਂ, ਪਾਠਕ ਦੀ ਭੂਮਿਕਾ ਰਾਹੀਂ ਬਣਦਾ ਹੈ। ਗੇਰਾਰ ਜੇਨੈਟ ਲਿਖਦੇ ਹਨ ਕਿ ਕਹਾਣੀ (Story), ਪਾਠ (Text), ਅਤੇ ਕਥਨ (Narration) ਤਿੰਨ ਵੱਖ-ਵੱਖ ਪੱਧਰ ਹਨ । ਉਹ ਪਾਠ ਵਿਚ ਸਮੇਂ ਦੀ ਵਰਤੋਂ, ਦ੍ਰਿਸ਼ਟੀਕੋਣ (Voice), ਅਤੇ ਲਹਿਜ਼ਾ (Mood) ਬਾਰੇ ਵਿਚਾਰ ਕਰਦੇ ਹਨ। ਇਹ ਵਿਸ਼ਲੇਸ਼ਣ ਪਾਠ ਦੇ ਅੰਦਰੂਨੀ ਸੰਰਚਨਾ ਨੂੰ ਸਮਝਣ ਲਈ ਮਹੱਤਵਪੂਰਨ ਹੈ। (Genette, Gérard,1980:25) ਰੂਪਵਾਦ (Formalism) ਇਕ ਸਾਹਿਤਕ ਆਲੋਚਨਾ ਦਾ ਸਿਧਾਂਤਕ ਰੁਝਾਨ ਹੈ ਜੋ 20ਵੀਂ ਸਦੀ ਦੀ ਸ਼ੁਰੂਆਤ ਵਿਚ ਰੂਸ ਵਿਚ ਉਤਪੰਨ ਹੋਇਆ। ਇਸ ਦੇ ਪ੍ਰਮੁੱਖ ਆਲੋਚਕਾਂ ਵਿਚ ਵਿਕਟਰ ਸ਼ਕਲੋਵਸਕੀ, ਰੋਮਨ ਜੈਕਬਸਨ, ਅਤੇ ਬੋਰੀਸ ਐਚੇਨਬੌਮ ਆਦਿ ਸ਼ਾਮਲ ਹਨ। ਸਾਹਿਤਕ ਪਾਠ


www.sanvad.org
ISSN : 2395-1273

ਵਿਚ ਜੈਕਬਸਨ ਸਾਹਿਤਕ ਭਾਸ਼ਾ ਦੀ ਵਿਸ਼ੇਸ਼ ਭੂਮਿਕਾ 'ਤੇ ਜ਼ੋਰ ਦਿੰਦੇ ਹਨ। ਉਹ ਮੰਨਦੇ ਹਨ ਕਿ ਜਦੋਂ ਭਾਸ਼ਾ ਆਪਣੀ ਬਣਤਰ 'ਤੇ ਧਿਆਨ ਕੇਂਦਰਿਤ ਕਰਦੀ ਹੈ, ਤਾਂ ਉਹ ਕਾਵਿ-ਭਾਸ਼ਾ ਬਣ ਜਾਂਦੀ ਹੈ। ਇਸ ਵਿਚਾਰ ਅਨੁਸਾਰ, ਸਾਹਿਤਕ ਪਾਠ ਦੇ ਅਰਥ ਉਸ ਦੀ ਭਾਸ਼ਾ ਦੀ ਚੋਣ, ਧੁਨੀ ਅਤੇ ਰੂਪ ਵਿਚ ਨਿਹਿਤ ਹੁੰਦੇ ਹਨ। (Jakobson, Roman,1987:62) ਰੂਪਵਾਦੀਆਂ ਅਨੁਸਾਰ, ਸਾਹਿਤਕ ਪਾਠ ਦੀ ਵਿਅਖਿਆ ਕਰਦੇ ਸਮੇਂ ਲੇਖਕ ਦੀ ਨੀਅਤ, ਪਾਠਕ ਦੀ ਪ੍ਰਤੀਕ੍ਰਿਆ ਜਾਂ ਇਤਿਹਾਸਕ ਪ੍ਰਸੰਗਾਂ ਨੂੰ ਨਹੀਂ ਦੇਖਿਆ ਜਾਂਦਾ ਸਿਰਫ਼ ਪਾਠ ਦੀ ਆਕਾਰ-ਰਚਨਾ, ਰੂਪ ਅਤੇ ਭਾਸ਼ਾ ਨੂੰ ਮਹੱਤਵ ਦਿੱਤਾ ਜਾਂਦਾ ਹੈ। ਵਿਕਟਰ ਸ਼ਕਲੋਵਸਕੀ ਨੇ ਕਿਹਾ ਕਿ ਸਾਹਿਤਕ ਪਾਠ ਪਾਠਕ ਲਈ ਆਮ ਚੀਜ਼ਾਂ ਨੂੰ "ਅਜੀਬ" ਜਾਂ "ਅਣਜਾਣ" ਬਣਾਉਂਦਾ ਹੈ, ਜਿਸ ਨਾਲ ਪਾਠਕ ਚੀਜ਼ਾਂ ਨੂੰ ਨਵੇਂ ਢੰਗ ਨਾਲ ਵੇਖਦਾ ਹੈ। ਇਹਨੂੰ ਉਸਨੇ Defamiliarization ਕਿਹਾ ਹੈ। ਇਹ ਸਿਧਾਂਤ ਪਾਠਕ ਨੂੰ ਨਵੀਂ ਚੇਤਨਾ ਰਾਹੀਂ ਸੋਚਣ ਲਾ ਦਿੰਦਾ ਹੈ। ਇਹ ਪਾਠਕ ਨੂੰ ਰੋਜ਼ਾਨਾ ਜਨ ਜੀਵਨ ਦੀਆਂ ਆਦਤਾਂ ਵਿਚੋਂ ਬਾਹਰ ਕੱਢ ਕੇ ਪੁਨਰ ਚਿੰਤਨ ਦੀ ਸਥਿਤੀ ਵਿਚ ਲੈ ਜਾਂਦਾ ਹੈ। ਇਹ ਵਿਧੀ ਪਾਠਕ ਨੂੰ ਗੰਭੀਰ ਅਵਸਥਾ ਵਿਚ ਲੈ ਜਾਂਦੀ ਹੈ। ਇਸ ਲਈ ਟੈਕਸਟ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਸਾਹਿਤਕ ਪਾਠ ਦੀ ਸਮੀਖਿਆ ਵਿਚ ਭਾਸ਼ਾ ਅਤੇ ਸੰਰਚਨਾ ਦੇ ਨਾਲ-ਨਾਲ ਪਾਠਕ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ। ਰੀਡਰ ਰਿਸਪਾਂਸ ਸਿਧਾਂਤ ਅਨੁਸਾਰ, ਪਾਠਕ ਸਿਰਫ਼ ਪਾਠ ਨੂੰ ਪੜ੍ਹਦਾ ਨਹੀਂ, ਸਗੋਂ ਉਹ ਉਸ ਵਿਚ ਅਰਥ ਭਰਦਾ ਹੈ। ਇਸ ਅਨੁਸਾਰ ਹਰ ਪਾਠਕ ਇਕ ਨਵਾਂ ਪਾਠ ਰਚਦਾ ਹੈ। ਇਸ ਤਰੀਕੇ ਨਾਲ, ਪਾਠ ਇਕ ਸਥਿਰ ਇਕਾਈ ਨਹੀਂ, ਸਗੋਂ ਇਕ ਸੰਵਾਦਕ ਰਚਨਾ ਬਣ ਜਾਂਦਾ ਹੈ। ਅਮਰੀਕੀ ਅਤੇ ਅੰਗਰੇਜ਼ੀ ਆਲੋਚਕਾਂ ਵਲੋਂ ਵਿਕਸਤ ਨਵ-ਆਲੋਚਨਾ (New Criticism) ਨੇ ਪਾਠ ਦੀ "ਅੰਦਰੂਨੀ ਪੜ੍ਹਤ" ਉੱਤੇ ਜ਼ੋਰ ਦਿੱਤਾ। ਕਲੀਨਥ ਬਰੂਕਸ, ਆਈ. ਏ. ਰਿਚਾਰਡਜ਼ ਆਦਿ ਨੇ ਕਿਹਾ ਕਿ ਪਾਠ ਦੀ ਪੜ੍ਹਤ ਕਰਦਿਆਂ ਲੇਖਕ ਦੀ ਜੀਵਨੀ, ਇਤਿਹਾਸ ਜਾਂ ਪਾਠਕ ਦੀ ਪ੍ਰਤੀਕ੍ਰਿਆ ਨੂੰ ਇਕ ਪਾਸੇ ਰੱਖ ਕੇ ਸਿਰਫ਼ ਪਾਠ ਦੀ ਭਾਸ਼ਾ, ਰਚਨਾ, ਰਿਦਮ, ਤਸਵੀਰਾਂ ਅਤੇ ਅਲੰਕਾਰਾਂ ਦੀ ਪੜ੍ਹਤ ਕਰਨੀ ਚਾਹੀਦੀ ਹੈ। ਕਲੋਜ਼ ਰੀਡਿੰਗ (Close Reading) ਅਜਿਹੀ ਹੀ ਵਿਧੀ ਹੈ ਜੋ ਪਾਠ ਦੀ ਹਰੇਕ ਛੋਟੀ ਤਕਨੀਕ ਅਤੇ ਰੂਪਕ ਨੂੰ ਧਿਆਨ ਨਾਲ ਵੇਖਦੀ ਹੈ, ਜਿਸ ਰਾਹੀਂ ਪਾਠ ਦੇ ਅਰਥਾਂ ਦੀਆਂ ਪਰਤਾਂ ਖੁੱਲ੍ਹਦੀਆਂ ਹਨ। ਸੰਰਚਨਾਵਾਦ ਅਤੇ ਭਾਸ਼ਾਈ ਸੰਬੰਧ 1960 ਦੇ ਦਹਾਕੇ ਵਿਚ ਸੰਰਚਨਾਵਾਦ (Structuralism) ਇਕ ਨਵਾਂ ਰੁਝਾਨ ਬਣਿਆ। ਸਾਸਿਊਰ ਦੇ ਭਾਸ਼ਾ ਸਿਧਾਂਤ ਅਨੁਸਾਰ ਹਰੇਕ ਸ਼ਬਦ ਆਪਣੇ ਅਰਥ ਨੂੰ ਕਿਸੇ ਹੋਰ ਸ਼ਬਦ ਨਾਲ ਸੰਬੰਧ ਵਿਚ ਪ੍ਰਾਪਤ ਕਰਦਾ ਹੈ। ਜੈਕਬਸਨ, ਲੈਵੀ ਸਤਰੌਸ ਅਤੇ ਰੋਲਾਂ ਬਾਰਥ ਨੇ ਪਾਠ ਨੂੰ ਇਕ ਸੰਗਠਿਤ ਸੰਕੇਤਕ ਤੰਤ੍ਰ ਵਜੋਂ ਪੜ੍ਹਿਆ ਹੈ। ਬਾਰਥ ਨੇ ਆਪਣੇ ਲੇਖ 'The Death of the Author' ਵਿਚ ਇਹ ਤਰਕ ਦਿੱਤਾ ਕਿ ਲੇਖਕ ਦੀ ਮੌਤ ਹੋ ਚੁੱਕੀ ਹੈ ਅਤੇ ਅਸਲੀ ਅਰਥ ਪਾਠ ਵਿਚ ਹੁੰਦਾ ਹੈ ਜੋ ਪਾਠਕ ਦੇ ਨਾਲ ਸੰਵਾਦ ਰਚਦਾ ਹੈ। ਰੀਡਰ ਰਿਸਪਾਂਸ ਕ੍ਰਿਟਿਸਿਜ਼ਮ (Reader Response Criticism) ਅਨੁਸਾਰ, ਅਰਥ ਦੀ ਸਿਰਜਣਾ ਪਾਠਕ ਦੇ ਅਨੁਭਵ ਅਤੇ ਪ੍ਰਤੀਕ੍ਰਿਆ 'ਤੇ ਨਿਰਭਰ ਕਰਦੀ ਹੈ। ਸਟੈਨਲੀ ਫਿਸ਼ ਅਤੇ ਵੋਲਫਗੈਂਗ ਆਇਜ਼ਰ ਨੇ ਇਹ ਸਿਧ ਕਰਦੇ ਹੋਏ ਲਿਖਿਆ ਕਿ ਪਾਠ ਇਕ ਅਧੂਰੀ ਇਕਾਈ ਹੈ, ਜਿਸ ਨੂੰ ਪੂਰਾ ਪਾਠਕ ਕਰਦਾ ਹੈ। ਭਾਵ, ਪਾਠਕ ਆਪਣੇ ਸਭਿਆਚਾਰਕ, ਮਨੋਵਿਗਿਆਨਕ ਅਤੇ ਅਨੁਭਵਿਕ ਸੰਦਰਭ ਦੇ ਆਧਾਰ 'ਤੇ ਅਰਥ ਰਚਦਾ ਹੈ। ਇਥੇ 'ਪਾਠ' ਇਕ ਫਿਕਸ ਇਕਾਈ ਨਹੀਂ, ਸਗੋਂ ਇਕ ਲਚਕੀਲਾ, ਸਮੇਂ ਅਤੇ ਸੰਦਰਭ ਨਾਲ ਬਦਲਣ ਵਾਲਾ ਤੱਤ ਬਣ ਜਾਂਦਾ ਹੈ।

ਭਾਰਤੀ ਆਲੋਚਕ ਪੱਧਰ ਉੱਤੇ ਵੀ ਪਾਠ ਦੀ ਪੜ੍ਹਤ ਸਦੀਆਂ ਤੋਂ ਚੱਲ ਰਹੀ ਹੈ। ਭਰਤ ਦੇ 'ਨਾਟਸ਼ਾਸਤਰ' ਤੋਂ ਲੈ ਕੇ ਅਚਾਰੀਆ ਕੇਸ਼ਵ, ਭਾਮਹ, ਅਨੰਦਵਰਧਨ ਅਤੇ ਅਭਿਨਵਗੁਪਤ ਦੇ ਸਿਧਾਂਤ ਅਨੁਸਾਰ ਕਲਾ ਅਤੇ ਸਾਹਿਤ ਦੇ ਅਰਥ ਪਾਠਕ ਦੀ ਰਸ-ਬੋਧ ਅਤੇ ਧੁਨੀ ਸਮਝਣ ਦੀ ਯੋਗਤਾ 'ਤੇ ਨਿਰਭਰ ਕਰਦੇ ਹਨ। ਰਸ ਸੰਪਰਦਾਇ, ਧੁਨੀ ਸੰਪਰਦਾਇ ਅਤੇ ਰੀਤੀ ਸੰਪਰਦਾਇ ਆਦਿ, ਪਾਠ ਦੀ ਸਮੱਗਰੀ ਅਤੇ ਰਚਨਾਤਮਕ ਪੜ੍ਹਤ ਲਈ ਅਹਿਮ ਸਥਿਤੀ ਰੱਖਦੇ ਹਨ। ਆਧੁਨਿਕ ਭਾਰਤੀ ਆਲੋਚਕਾਂ ਜਿਵੇਂ ਨਗੇਂਦਰ ਅਤੇ ਨਾਮਵਰ ਸਿੰਘ ਨੇ ਵੀ ਪਾਠ ਅਤੇ ਪਾਠਕ ਦੇ ਸੰਵਾਦ ਨੂੰ ਕੇਂਦਰ ਵਿਚ ਰੱਖ ਕੇ ਆਲੋਚਨਾ ਦੀ ਨਵੀਂ ਦਿਸ਼ਾ ਦਿੱਤੀ। ਰਸ ਸੰਪਰਦਾਇ ਅਨੁਸਾਰ, ਸਾਹਿਤ ਦੀ ਸਾਰਥਕਤਾ ਪਾਠਕ ਨੂੰ ਰਸ-ਅਨੁਭਵ (Aesthetic Experience) ਦੇਣ ਵਿਚ ਹੈ। ਇਸ ਵਿਚ ਰਚਨਾ ਦਾ ਮੁੱਖ ਉਦੇਸ਼ ਹੈ ਕਿ ਪਾਠਕ ਵਿਚ ਕਿਸੇ ਨਿਰਧਾਰਤ ਭਾਵ ਦਾ ਉਤਪਾਦਨ ਕਰਨਾ ਜਿਸਨੂੰ ਰਸ ਆਖਿਆ ਗਿਆ ਸੀ। ਭਰਤਮੁਨੀ ਨੇ ਅੱਠ ਤਰਾਂ ਦੇ ਰਸਾਂ ਦੀ ਗੱਲ ਕੀਤੀ ਹੈ। ਇਸ ਸੰਪਰਦਾਇ ਵਿਚ ਪਾਠ ਦੀ ਪੜ੍ਹਤ ਇਸ ਗੱਲ ਉੱਤੇ ਕੇਂਦਰਤ ਹੁੰਦੀ ਹੈ ਕਿ ਰਚਨਾ ਵਿਚ ਕਿਹੜਾ ਰਸ ਉਤਪੰਨ ਹੋ ਰਿਹਾ ਹੈ ? ਕਿਹੜੇ ਭਾਵ

ਜਾਂ ਸਥਾਈ ਭਾਵ ਦੀ ਸਥਾਪਨਾ ਹੋਈ ? ਕਿਵੇਂ ਵਾਤਾਵਰਨ, ਚਰਿੱਤਰ ਅਤੇ ਭਾਸ਼ਾ ਰਸ-ਨਿਸ਼ਪੱਤੀ ਕਰਦੇ ਹਨ? ਉਦਾਹਰਨ ਵਜੋਂ ਜੇਕਰ ਕੋਈ ਕਵਿਤਾ "ਵੀਰ ਰਸ" ਉਤਪੰਨ ਕਰਦੀ ਹੈ, ਤਾਂ ਪਾਠਕ ਉਸ ਪਾਠ ਨੂੰ ਪੜ੍ਹਕੇ ਉਤਸ਼ਾਹ ਅਤੇ ਹੌਂਸਲੇ ਦੀ ਭਾਵਨਾ ਮਹਿਸੂਸ ਕਰਦਾ ਹੈ । ਧੁਨੀ ਸੰਪਰਦਾਇ ਵਿਚ ਮਿੱਠੀ ਭਾਸ਼ਾ ਸਿੱਧੇ ਤੌਰ 'ਤੇ ਨਹੀਂ, ਸਗੋਂ ਇਸ਼ਾਰਿਆਂ, ਸੰਕੇਤਾਂ ਅਤੇ ਅਲੌਕਿਕ ਅਰਥਾਂ ਰਾਹੀਂ ਅਸਲੀ ਅਰਥ ਪੈਦਾ ਕਰਦੀ ਹੈ। ਇਹ ਅਰਥ "ਵਿਅੰਗ" ਜਾਂ "ਸੁਝਾਵੀ ਅਰਥ" ਹੁੰਦਾ ਹੈ ਜਿਸ ਨੂੰ ਧੁਨੀ ਆਖਿਆ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਹੇਠ, ਪਾਠ ਦੀ ਪੜ੍ਹਤ ਕਰਦਿਆਂ ਸਿਰਫ਼ ਪ੍ਰਤੱਖ ਅਰਥ ਜਾਂ ਭਾਵ ਨਹੀਂ, ਸਗੋਂ ਗੁਪਤ, ਅਲੰਕਾਰਿਕ ਅਤੇ ਧੁਨੀਅਤਮਕ ਤੱਤਾਂ ਦੀ ਪਛਾਣ ਕੀਤੀ ਜਾਂਦੀ ਹੈ। ਇਹ ਵੀ ਮਹੱਤਵਪੂਰਨ ਹੁੰਦਾ ਹੈ ਕਿ ਰਚਨਾ 'ਕੀ ਕਹਿ ਰਹੀ ਹੈ' ਦੇ ਨਾਲ-ਨਾਲ 'ਕਿਵੇਂ ਕਹਿ ਰਹੀ ਹੈ'। ਰੀਤੀ ਸੰਪਰਦਾਇ ਅਨੁਸਾਰ ਕਾਵਿ ਦੀ ਉੱਤਮ ਰਚਨਾ ਦੀ ਭਾਸ਼ਾ, ਰੀਤ, ਅਲੰਕਾਰ, ਅਤੇ ਸ਼ੈਲੀ ਵਿਚ ਹੈ। ਇਸ ਸਿਧਾਂਤ ਹੇਠ, 'ਰੀਤਿ' ਦਾ ਅਰਥ ਹੈ ਰਚਨਾ ਦੀ ਵਿਲੱਖਣ ਕਾਵਿ-ਸ਼ੈਲੀ ਜਾਂ ਲਿੰਗੁਆ ਸਟਾਈਲ ਹੁੰਦਾ ਹੈ। ਪਾਠ ਦੀ ਪੜ੍ਹਤ ਵਿਚ ਧਿਆਨ ਦਿੱਤਾ ਜਾਂਦਾ ਹੈ ਕਿ ਲੇਖਕ ਨੇ ਕਿਹੜੀ ਕਾਵਿ-ਰੀਤਿ ਵਰਤੀ ਹੈ? ਕਿਹੜੇ ਅਲੰਕਾਰ ਪ੍ਰਮੁੱਖ ਹਨ? ਕੀ ਰਚਨਾ ਵਿਚ 'ਰੀਤਿ', 'ਪਦ, ਗੁਣ-ਸੰਯੋਜਨ' ਵਰਗੀਆਂ ਵਿਸ਼ੇਸ਼ਤਾਵਾਂ ਹਨ? ਉਦਾਹਰਨ ਵਜੋਂ ਜੇਕਰ ਕਿਸੇ ਰਚਨਾ ਵਿਚ ਉਪਮਾ, ਰੂਪਕ, ਅਨੁਪ੍ਰਾਸ ਜਾਂ ਯਮਕ ਵਰਗੇ ਅਲੰਕਾਰ ਬਹੁਤ ਸੁੰਦਰ ਢੰਗ ਨਾਲ ਵਰਤੇ ਗਏ ਹਨ, ਤਾਂ ਰੀਤੀ ਸੰਪਰਦਾਇ ਦੇ ਆਲੋਕ ਵਿਚ ਉਹ ਪਾਠ ਇਕ ਸ਼ੈਲੀਗਤ ਉੱਤਮ ਰਚਨਾ ਬਣ ਜਾਂਦੀ ਹੈ।

**ਸੰਖੇਪ ਨਤੀਜਾ**

| **ਸੰਪਰਦਾਇ** | **ਕੇਂਦਰ ਬਿੰਦੂ** | **ਪਾਠ ਦੀ ਪੜ੍ਹਤ** |
|---|---|---|
| ਰਸ ਸੰਪਰਦਾਇ | ਭਾਵ ਅਤੇ ਰਸ-ਅਨੁਭਵ | ਭਾਵਨਾਤਮਕ ਤੱਤ, ਰਸ ਨਿਸ਼ਪੱਤੀ |
| ਧੁਨੀ ਸੰਪਰਦਾਇ | ਸੁਝਾਅਮੂਲਕ ਅਰਥ | ਸੰਕੇਤ, ਵਿਅੰਗ, ਗੁਪਤ ਅਰਥ |
| ਰੀਤੀ ਸੰਪਰਦਾਇ | ਭਾਸ਼ਾ ਅਤੇ ਸ਼ੈਲੀ | ਅਲੰਕਾਰ, ਗੁਣ, ਕਾਵਿ-ਰੀਤਿ |

ਇਸ ਖੋਜ-ਪੱਤਰ ਦੇ ਵਿਹਾਰਕ ਭਾਗ ਵਿਚ ਸਵਰਨਜੀਤ ਸਵੀ ਦੇ ਕਾਵਿ ਦਾ ਅਧਿਐਨ ਕਰਾਂਗੇ। ਇਕੀਵੀਂ ਸਦੀ ਦੇ ਸਿਧਾਂਤ ਨੇ ਵਿਸ਼ਵ ਨੂੰ ਇਕ ਖਲਾਅ ਦੀ ਸਥਿਤੀ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਇਹ ਹੁਣ ਸਾਬਿਤ ਹੋ ਚੁੱਕਾ ਹੈ ਕਿ ਇਸ ਵਿਸ਼ਵ ਵਿਚ ਨਾ ਤੇ ਮਨੁੱਖ ਅਤੇ ਨਾ ਹੀ ਕੋਈ ਹੋਰ Speices ਕੇਂਦਰ ਵਿਚ ਹੈ। (Francesca Ferrando 2019: XIV) ਇਹਨਾਂ ਪਰਿਵਰਤਨਾਂ ਦਾ ਅਸਰ ਪੰਜਾਬੀ ਸਾਹਿਤ ਉੱਪਰ ਵੀ ਪਿਆ ਹੈ। ਆਧੁਨਿਕ ਪੰਜਾਬੀ ਕਵਿਤਾ ਵਿਚ ਵੀ ਇਕ ਖਾਸ ਤਰਾਂ ਦੀ ਪੈਰਾਡਾਇਮ ਸ਼ਿਫਟ ਵਾਪਰੀ ਹੈ। ਸਮਕਾਲੀ ਪੰਜਾਬੀ ਕਵਿਤਾ ਵੀ ਪੈਰਾਡਾਇਮ ਸ਼ਿਫਟ (Paradigm shift) ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਇਸ ਤਰਾਂ ਦੀ ਸਿੱਧਾਂਤਕੀ ਸ਼ਿਫਟ ਦਾ ਕਾਲ ਵੰਡ ਕਾਫ਼ੀ ਦਹਾਕਿਆਂ ਵਿਚ ਫੈਲਿਆ ਹੋਇਆ ਹੁੰਦਾ ਹੈ। ਵੀਹਵੀਂ ਸਦੀ ਦੇ ਅਖ਼ੀਰਲੇ ਦਹਾਕੇ ਸਮਾਜਕ ਬਦਲਾਅ ਦੇ ਦਹਾਕੇ ਸਨ। ਇਹ ਬਦਲਾਅ ਸਕਾਰਤਮਕ ਹੈ ਜਾਂ ਨਾਕਾਰਤਮਕ ਇਹ ਸਵਾਲ ਵੀ ਅਜੇ ਬਰਕਰਾਰ ਹੈ। ਪੰਜਾਬੀ ਕਵਿਤਾ ਦੀ ਵਿਧਾ ਇਸ ਬੁਨਿਆਦੀ ਬਦਲਾਅ ਨੂੰ ਸੁੱਤੇ ਸਿੱਧ ਹੀ ਅਪਣਾਉਂਦੀਂ ਹੈ। ਇਸ ਕਰਕੇ ਪੰਜਾਬੀ ਕਾਵਿ-ਚਿੰਤਕ ਕਿਸੇ ਸੰਪੂਰਨ ਸੰਰਚਨਾ ਨੂੰ ਅਪਣਾ ਨਹੀਂ ਰਹੇ। ਉਹ ਇਸ ਸ਼ਿਫਟ ਨੂੰ ਪੁਨਰ-ਉੱਤਪਤੀ ਦਾ ਦੌਰ ਮੰਨਦੇ ਹਨ। ਇਸ ਤਰਾਂ ਨਵੇਂ ਮੁੱਲ ਅਜੇ ਗਤੀਸ਼ੀਲ ਵਰਤਾਰੇ ਵਿਚ ਹਨ। ਕਵਿਤਾ ਆਪਣੇ ਆਪ ਵਿਚ ਸੁਤੰਤਰ ਵਰਤਾਰਾ ਹੈ। ਇਸ ਤੋਂ ਕਿਸੇ ਖ਼ਾਸ ਵਿਚਾਰਧਾਰਾ ਦੀ ਮੰਗ ਕਰਨਾ ਉਸ ਨਾਲ ਅਨਿਆਂ ਹੋ ਸਕਦਾ ਹੈ। ਕਵਿਤਾ ਵਿਚ ਖ਼ੁਦਮਖ਼ਤਿਆਰੀ (Autonomy) ਦੀ ਜਗਾ ਪਛਾਣ (Identity) ਦੇ ਸਮਾਜ ਨਾਲ ਸੰਬੰਧਾਂ (Relationship) ਦੀ ਸੰਰਚਨਾ ਦੀ ਪੁਨਰ-ਚਿੰਤਨ ਕਰਨਾ ਲਾਹੇਵੰਦ ਹੋਵੇਗਾ। ਕਵਿਤਾ ਵਿਚ ਹਮੇਸ਼ਾ ਨਵਾਂ ਵਾਪਰਦਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਸਵਰਨਜੀਤ ਸਵੀ ਦੀ ਕਵਿਤਾ ਵੀ ਇਸ ਨਵ-ਪੈਰਾਡਾਇਮ ਸ਼ਿਫਟ ਵਿਚ ਮੁੱਖ ਰੋਲ ਅਦਾ ਕਰਦੀ ਹੈ। ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਤੋਂ ਇਹ ਸ਼ਿਫਟ ਸ਼ੁਰੂ ਹੋਈ ਸੀ ਵਰਤਮਾਨ ਵਿਚ ਪੂਰਨ ਰੂਪ ਵਿਚ ਆਪਣੇ ਅਸਿੱਤਤਵ ਵਲ ਵੱਧ ਰਹੀ ਹੈ। ਇਸ ਖੋਜ-ਪੱਤਰ ਦੀ ਸੀਮਾ ਨੂੰ ਦੇਖਦੇ ਹੋਏ ਸਵਰਨਜੀਤ ਸਵੀ ਦੀ 'ਮਨ ਦੀ ਚਿਪ' ਕਾਵਿ-ਸੰਗ੍ਰਹਿ ਨੂੰ ਵਸਤੂ ਸਮੱਗਰੀ ਵਜੋਂ ਨਿਰਧਾਰਤ ਕਰਾਂਗੇ।

Western Philosophy ਅਤੇ Christianity ਦੀ ਬਾਈਬਲ ਵਿਚ 'ਸ਼ਬਦ' ਦਾ ਸੰਕਲਪ ਨੂੰ God ਦੀ ਉੱਤਪਤੀ ਮੰਨਿਆ ਜਾਂਦਾ ਹੈ । ਇਹ ਸ਼ਬਦ ਦੀ ਇਹ Philosophy ਹਰ ਵਿਅਕਤੀ ਦੇ ਅੰਤਰੀਵ ਮਨ ਵਿਚ ਸਮਾਈ ਹੋਈ ਹੈ। ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜੋ Narrative ਹੈ ਉਹ ਸ਼ਬਦ ਸਿਰਫ਼ ਅਰਥ ਤਕ


www.sanvad.org
ISSN : 2395-1273

ਸੀਮਿਤ ਹੈ। ਇਸ ਲਈ Perspective ਹਰ ਤਰਾਂ ਦੇ ਡਿਸਕੋਰਸ ਨੂੰ ਹਰ ਤਰਾਂ ਦੇ ਸਭਿਆਚਾਰ ਨੂੰ ਇਕੋ Perspective ਤਰਾਂ ਨਿਹਾਰਦਾ ਹੈ। ਇਹ ਇਸ ਵਰਤਮਾਨ Philosophy ਦੀ ਵੱਡੀ Problem ਹੈ। ਇਸ Problem ਨੂੰ ਸਵਰਨਜੀਤ ਸਵੀ ਦੀ ਚੇਤਨਾ ਨੇ ਪਕੜਿਆ ਹੈ। ਇਸ ਲਈ ਸਮਕਾਲੀ ਕਵਿਤਾ ਵਿਸ਼ਵ Philosophy ਨਾਲ ਸੰਵਾਦ ਕਰ ਰਹੀ ਹੈ। ਸਵੀ ਸ਼ਬਦ, ਸੁਰਤਿ, ਧੁਨਿ ਅਤੇ ਮੂਰਤਿ ਨੂੰ ਪੂਰਕ ਅਵਸਥਾ ਵਿਚ ਲੈ ਕੇ ਇਕ ਨਵ-ਕਵਿਤਾ ਰਾਹੀਂ ਸੰਵਾਦ ਕਰ ਰਿਹਾ ਹੈ।

*ਮਨੁੱਖ ਸਟੋਰ ਹੈ*
*ਸ਼ਬਦ ਦੇ ਸੰਦੂਕ 'ਚ*
*ਬਾਕੀ ਜੀਆ-ਜੰਤ*
*ਜੀਨ ਦੇ*
*ਕਿੱਥੇ ਉਹ ਸੰਦੂਕ*
*ਜਿਸ' ਚ ਬੰਦ*
*ਜੀਵਨ ਤੋਂ*
*ਪਹਿਲਾ ਦਾ ਡਰਾਮਾ*
*ਧਰਤ ਦੇ*
*ਪਾਰ-ਉਰਾਰ*
*ਕਿੱਥੇ ਹੋ*
*ਜ਼ਿਓਲੋਜੀ*
*ਜੁਗਰਾਫ਼ੀਏ ਵਾਲਿਓ!* (ਸਵਰਨਜੀਤ ਸਵੀ 2021:31)

ਸਵੀ ਆਪਣੇ ਇਸ ਥੀਸਸ ਰਾਹੀਂ ਇਹ ਸੁਆਲ ਕਰ ਰਿਹਾ ਹੈ ਕਿ ਜੀਵਣ ਸਰੀਰ ਤੋਂ ਪਹਿਲੋਂ ਦੇ ਸਵਾਲਾਂ ਨੂੰ ਹੱਲ ਕਰ ਕੇ ਹੀ ਸੰਪੂਰਨ ਸੰਰਚਨਾ ਨੂੰ ਸਮਝਿਆ ਜਾਵੇਗਾ ਅਤੇ ਜੀਵਨ ਦੇ ਪਹਿਲਾਂ ਦੇ Narrative ਨੂੰ ਹੱਲ ਕਰਨਾ ਅਤੇ ਇਸ ਧਰਤੀ ਗ੍ਰਹਿ ਦੇ Beyond ਨਾਲ ਸੰਵਾਦ ਕਰਨਾ ਹੋਵੇਗਾ। ਇਸ ਨਾਲ ਉਹ ਸਵਾਲਾਂ ਦੇ ਨਾਲ-ਨਾਲ ਆਪਣੇ ਕਾਵਿ ਰਾਹੀਂ ਹੀ ਉੱਤਰ ਵੀ ਦੇ ਰਿਹਾ ਹੈ। ਇਹ ਉੱਤਰ ਉਸ ਦੀ ਕਾਵਿ-ਚੇਤਨਾ ਵਿਚ ਚੇਤਨ ਜਾਂ ਅਵਚੇਤਨ ਪੱਧਰ 'ਤੇ ਵਾਪਰ ਰਹੀਂ ਹੈ। ਸਵੀ ਇਸ ਪੂਰੇ ਬ੍ਰਹਿਮੰਡ ਦੇ ਸੰਰਚਾਨਤਮਕ ਢਾਂਚੇ ਵਿਚੋਂ ਕੋਮਲ ਕਲਾ ਰਾਹੀਂ ਇਸ ਬ੍ਰਹਿਮੰਡ ਦੀ ਗਿਆਨ ਪੱਧਤੀ ਨੂੰ ਸਿਰਜਨਾਤਮਕ ਵਿਸ਼ੇ ਰਾਹੀਂ ਪੇਸ਼ ਕਰ ਰਿਹਾ ਹੈ।

*ਸ਼ਬਦ ਦੇ ਹਜ਼ੂਰ*
*ਸ਼ੁਰ ਸਾਜ*
*ਪੇਂਟਿਗ ਕਰਵਾ ਰਹੇ*
*ਰੰਗ ਲਿਖਵਾ ਰਹੇ*
*ਕਵਿਤਾ*
*ਤੇਰਾ ਅਹਿਸਾਸ*
*ਕਰਵਾ ਰਿਹਾ ਨ੍ਰਿਤ*
*ਤੇਰੀ ਆਭਾ ਦੇ*
*ਗੀਤ ਗਾ ਰਿਹਾਂ...* (2021:35)

ਮਨ ਦੀ ਚਿਪ ਵਿਚ ਸੰਗੀਤਕਤਾ, ਨਾਦ, ਰਿਦਮ ਆਪਣੇ ਇਕ ਡਾਇਲਾਗ ਵਿਚ ਹਨ। ਇਕੀਵੀਂ ਸਦੀ ਦਾ ਵਿਚਾਰ ਇਕ ਅਲੱਗ Shape ਲੈ ਚੁੱਕਾ ਹੈ। ਇਹ Shape ਤਕਨੋਲਜੀ ਦੀ ਇਤਿਹਾਸਕ ਸਥਿਤੀ, Mass Migration, Wars, Terrorism, Xenophobia ਅਤੇ ਉਸ ਦੀਆਂ Expulsions ਵਿਚੋਂ ਉਜਾਗਰ ਹੋਇਆ ਹੈ। ਇਹਨਾਂ ਪ੍ਰਸਿਥਤੀਆਂ ਨਾਲ ਵਿਸ਼ਵ ਵਿਚਾਰ 'ਤੇ ਬਹੁਤ ਵੱਡਾ ਪ੍ਰਭਾਵ ਪਿਆ ਹੈ। ਇਸ ਨਾਲ ਵਿਸ਼ਵ ਦੇ ਡਾਟੇ ਵਿਚ ਬਦਲਾਅ ਵਿਚ ਆ ਰਿਹਾ ਹੈ। ਲੈਟਿਨ Humanism ਨੇ Myth, Tradition ਅਤੇ Religion ਨੂੰ ਸਥਾਨ ਨਹੀਂ ਦਿੱਤੀ। ਇਸ ਬਾਰੇ Protagoras said: "About the Gods I am able to know neither that they exist nor that They do not exist nor of what kind they are in form : for many things prevent me for knowing this, Its obscurity and brevity of man's Life." ਇਸ ਨਾਲ

ਮਾਨਵਵਾਦ, ਇਟਲੀਅਨ ਰੈਨਾਸਸ ਅਤੇ ਗਿਆਨਕਰਨ ਦੀ ਸ਼ਕਤੀ ਨਾਲ ਮਾਨਵ ਇਸ ਧਰਤੀ ’ਤੇ ਸੁਪਰੀਮ ਹੋ ਗਿਆ ਹੈ। ਮਾਨਵ ਨੇ ਇਸ Planet ’ਤੇ Dominate ਕੀਤਾ ਹੈ। Anthropocentrism ਨੇ ਧਰਤੀ ’ਤੇ ਇਹ ਵਿਸ਼ਵਾਸ ਦਿਵਾਇਆ ਕਿ ਮਾਨਵ ਹੀ ਇਸ ਧਰਤੀ ’ਤੇ ਮਹੱਤਵਪੂਰਨ ਹੈ। ਕੁਦਰਤ ਨੂੰ ਇਕ ਗਊ ਸਮਝ ਕੇ ਚੋਇਆ ਗਿਆ ਹੈ। ਵਿਸ਼ਵ ਇਕ ਨਵੀਂ ਸਿਧਾਂਤਕੀ ਦੀ ਭਾਲ ਵਿਚ ਹੈ। ਸਵੀ ਦੀ ਕਵਿਤਾ ਇਸ ਵਿਚਾਰ ਦੀ ਸ਼ਿਫਟ ਨੂੰ ਸਮਝ ਰਿਹਾ ਹੈ। ਸਵੀ ਦੀ ਚੇਤਨਾ ਵਰਤਮਾਨ ਦੌਰ ਵਿਚਲੇ ਹੈਕ ਹੋਏ ਮਨੁੱਖ ਦੇ ਦਰਦ ਨੂੰ ਪੇਸ਼ ਕਰ ਰਿਹਾ ਹੈ। ਉਹ ਇਕੀਵੀਂ ਸਦੀ ਦੇ ਮਨੁੱਖ ਜੋ ਕਿ ਮਸ਼ੀਨ ਦੇ ਰੂਪ ਵਿਚ ਤਬਦੀਲ ਹੋ ਚੁੱਕਾ ਹੈ ਉਸ ਦੇ ਦਰਦ ਨੂੰ ਬਿਆਨ ਕਰਦੀ ਹੈ। ਉਹ ਮਨੁੱਖ ਦੀ ਸਰੀਰ ਵਿਚ ਮਾਈਕਰੋ ਚਿਪਸ ਦੀ ਮਾਤਰਾ ਵੱਧ ਜਾਣ ਨਾਲ ਮਨੁੱਖ ਦੀ ਬਦਲੀ ਹੋਈ ਸਥਿਤੀ ਤੋਂ ਚਿੰਤਤ ਹੈ। ਸਵੀ ਆਧੁਨਿਕਤਾ ਦੇ ਸਮੇਂ ਪੇਸ਼ ਹੋਏ ਸਿਧਾਂਤ ਦੇ ਸਾਹਮਣੇ ਇਕ ਨਵੇਂ ਡਾਟੇ ਦੇ ਰੂਪ ਵਿਚ ਵਿਚਾਰ ਨੂੰ ਉਭਾਰ ਰਿਹਾ ਹੈ। ਸਵੀ ਆਪਣੀ ਕਵਿਤਾ ਹੈਕ ਹੋਇਆ ਮਨੁੱਖ ਵਿਚ ਲਿਖਦਾ ਹੈ:

*ਆਉਂਦੇ ਸਮੇਂ ’ਚ*
*ਮਾਈਕਰੋ ਬਾਇਓ ਚਿਪ*
*ਨੇ ਭਰ ਦੇਣਾ ਮੇਰਾ ਜਿਸਮ*
*ਜਾਸੂਸ ਰੋਬੋ ਨਾਲ*
*ਹੈਕਰ ਨੇ ਹੈਕ ਕਰਨਾ*
*ਆਪਣੀ ਖ਼ੁਦੀ ਹੁਕਮ ਦੇਣ ਲਈ*
*ਤਾਨਾਸ਼ਾਹ ਵੀ ਕਰਦਾ ਰਿਹਾ*
*ਬਜ਼ਾਰ ਵੀ*
*ਜੰਗ ਮਹੁੱਬਤ ਨ਼ਫ਼ਰਤ ਲਾਲਚ*
*ਹੈਕ ਕਰਦੇ*
*ਹੁਣ ਐਲਗੋਰਿਦਮ*
*ਤੇ ਬਾਇਓ ਮੈਟਰਿਕਸ*
*ਆਮ ਆਦਮੀ*
*ਸਦੀਆ ਤੋਂ ਸ਼ਿਕਾਰ*
*ਨਾਬਰਾਬਰੀ*
*ਇੰਜ ਹੀ*
*ਅੱਪਗਰੇਡ ਹੁੰਦੀ ਆਈ* (2021:53)

ਸਵਰਨਜੀਤ ਸਵੀ ਸ਼ਬਦ, ਸੁਰਤਿ, ਧੁਨਿ, ਮੂਰਤਿ ਦੀ complementary position ਵਿਚੋਂ ਆਪਣੇ ਵਿਚਾਰ ਨੂੰ ਤਿਆਰ ਕਰ ਰਿਹਾ ਹੈ। ਉਹ ਇਕ ਅਜਿਹੀ ਅਵਸਥਾ ਦਾ ਜ਼ਿਕਰ ਕਰ ਰਿਹਾ ਹੈ ਜੋ Beyond Mind ਹੈ। Beyond Mind ਅਵਸਥਾ ਨੂੰ ਤੁਸੀਂ Logic & Reason ਨਾਲ ਬਿਆਨ ਨਹੀਂ ਕਰ ਸਕਦੇ। ਇਸ ਅਵਸਥਾ ਵਿਚ ਮਹਾਨ ਦਾਇਆ (Great Compassion) ਵਾਪਰਦੀ ਹੈ। ਇਹ ਜ਼ਿਆਦਾਤਰ ਕਾਵਿ ਰੂਪ ਵਿਚ ਹੀ ਵਾਪਰਦੀ ਹੈ। ਵਿਸ਼ਵ ਦਾ Futuristic Thought ਕਾਵਿ ਰੂਪ ਵਿਚ ਹੋਵੇਗਾ। ਇਸ ਲਈ ਸਵੀ ਕਾਵਿ ਵਿਚ ਉਹ Symptoms ਉਭਰ ਕੇ ਆ ਰਹੇ ਹਨ। ਇਸ ਲਈ ਉਹ ਇਕ ਅਲੱਗ ਪੈਰਾਡਾਇਮ ਵਿਚ ਸ਼ਿਫਟ ਕਰ ਜਾਂਦਾ ਹੈ। ਇਸ ਅਵਸਥਾ ਵਿਚ Things absurd ਲਗਣ ਲੱਗ ਜਾਂਦੀਆਂ ਹਨ। ਇਸ ਲਈ ਇਹ ਉਹ ਸਥਾਨ ਹੈ ਜੋ ਸਮਾਂ ਸਥਾਨ ਦੇ ਸੰਕਲਪ ਵਿਚੋਂ Transcend ਹੋ ਕੇ ਅਜਿਹੀ ਅਵਸਥਾ ਜੋ Processing ਵਿਚ ਅਤੇ ਕਿਰਿਆਸ਼ੀਲ ਰੂਪ ਵਿਚ ਹੈ। ਗੁਰਬਾਣੀ ਵਿਚ ਇਸ ਅਵਸਥਾ ਦੀਆਂ ਬਹੁਤ ਉਦਾਹਾਰਨਾਂ ਮਿਲ ਜਾਣਗੀਆਂ। ਸੂਫ਼ੀ-ਕਾਵਿ ਪੂਰਾ ਇਸ ਅਵਸਥਾ ਦੀ ਚਰਚਾ ਕਰਦਾ ਜੈਂਡਰ ਵਿਚੋਂ Transcend ਹੋ ਕੇ ਅਲੱਗ Position ਅਖ਼ਤਿਆਰ ਕਰ ਲੈਂਦਾ ਹੈ। ਇਹ ਇਕ ਤਰਾਂ ਨਾਲ ਦ੍ਰਿਸ਼ਟੀਕੋਣ ਹੈ ਜੋ ਸਵੀ ਸ਼ਬਦ ਸੁਰਤਿ, ਧੁਨਿ, ਮੂਰਤਿ ਵਿਚ ਉਜਾਗਰ ਹੁੰਦਾ ਹੈ ਪਰ ਇਸ ਦੀ ਉਜਾਗਰ ਅਵਸਥਾ ਦੀ ਮੂਰਤਿ ਦੀ ਸੰਰਚਨਾ ਅਲੱਗ ਹੋਵੇਗੀ। ਇਸ ਅਵਸਥਾ ਵਿਚ Self ਅਤੇ Subjectivity ਵਿਚ ਵੀ ਅੰਤਰ-ਸੰਬੰਧ ਹੋਣਗੇ। ਇਸ Higher state ਅਵਸਥਾ ਵਿਚ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਕੋਈ ਵਿਚਾਰ ਨਹੀਂ ਹੋ। ਤੁਸੀਂ ਇਕ ਤਰਾਂ ਦੀ Poetry ਬਣ ਜਾਂਦੇ ਹੋ ਜੋ ਬਿਨਾਂ ਜਾਂ Beyond Language ਹੋ। ਇਹ ਇਕ ਤਰਾਂ ਨਾਲ ਅਲੱਗ Energy ਦਾ ਰੂਪ ਲੈ ਲੈਂਦੀ ਹੈ। ਇਸ ਅਵਸਥਾ ਨੂੰ ਸਵਰਨਜੀਤ ਸਵੀ ਆਪਣੀ ਕਵਿਤਾ ਰਾਹੀਂ ਦਿੰਦਾ ਹੈ।


ISSN : 2395-1273

*ਤਨ ਮਨ 'ਚ ਤੇਰੇ*
*ਬੈਠ ਗਿਆ*
*ਮੈਂ ਸਾਜ਼ ਬਣ*
*ਆਪਣੀਆਂ*
*ਨਾਜ਼ੁਕ ਉਗਲਾਂ ਨਾਲ*
*ਛੂਹ ਕੇ ਦੇਖ*
*ਗਰਭ 'ਚ ਬੈਠੀਆਂ ਸੁਰਾਂ*
*ਕਿੰਜ ਕਾਇਨਾਤ 'ਚ ਫੈਲੀਆਂ*
*ਮੇਰਾ ਕਣ ਕਣ*
*ਮਹੁੱਬਤ ਦਾ ਰਾਗ ਬਣਕੇ*
*ਕਰ ਰਿਹਾ ਪਰਕਰਮਾ*
*ਸੁਰ-ਸਾਜ-ਰੰਗ-ਰਹੱਸ*
*ਹੋ ਰਿਹਾ ਅਲੌਕਿਕ ਨਾਚ*
*ਅਨੰਤ ਦੇ ਰੰਗਮੰਚ 'ਤੇ*
*ਨਜ਼ਾਰਾ ਦੇਖ ਰਿਹਾ*
*ਬ੍ਰਹਿਮੰਡ*
*ਮੂਕ ਦਰਸ਼ਕ ਬਣਿਆ !* (2021:113)

ਇਸ ਵਿਚ ਸੁਰ ਸਾਜ ਰੰਗ ਰਾਗ ਅਤੇ ਰਹੱਸ ਆਪਣੀ ਪੂਰਕ ਅਵਸਥਾ ਵਿਚ ਹਨ। ਇਹ ਮੁਹੱਬਤ ਦੇ ਪੈਗ਼ਾਮ ਵਿਚ ਫੈਲ ਰਹੇ ਹਨ। ਵੀਹਵੀਂ ਸਦੀ ਦਾ ਵਿਚਾਰ Matter ਦੀ Concreteness ਵਿਚੋਂ ਪੈਦਾ ਹੋਇਆ ਹੈ ਇਸ ਵਿਚ ਮੁਹੱਬਤ ਦਾ ਫ਼ਲਸਫਾ ਨਹੀਂ ਹੈ। ਇਹ ਵਿਚਾਰ ਨਿਊਟਨ ਦੇ ਪ੍ਰਿਸੀਪੀਆ ਤੋਂ ਆਪਣੀ ਖ਼ੁਰਾਕ ਲੈ ਰਿਹਾ ਜਿਸ ਦਾ ਮੁੱਖ ਵਿਚਾਰ Mathematical frame work for understanding the physical world based on the law of motion and gravity ਉਪਰ ਅਧਾਰਿਤ ਸੀ। ਇਸ ਲਈ ਦੁਨੀਆ ਹੁਣ ਇਕ ਖਲਾਅ ਦੀ ਅਵਸਥਾ ਵਿਚ ਚਲੀ ਗਈ ਹੈ। ਆਧੁਨਿਕਤਾ ਦੇ ਇਸ ਮਾਡਲ ਬਾਰੇ ਐਲਨ ਲਿਊ ਦਾ ਵਿਚਾਰ ਹੈ ਕਿ ਉੱਤਰ-ਉਦਯੋਗਿਕ ਪੱਛਮ ਵਿਚ ਹਜ਼ਾਰ ਸਾਲ ਦੇ ਇਤਿਹਾਸ ਨੇ ਅਸਪਸ਼ਟ ਸ਼ੁਰੂਆਤ ਅਤੇ ਅਸਪਸ਼ਟ ਅੰਤਾਂ ਦੀ ਕੋਈ ਨਵੀਂ ਚੇਤਨਾ ਸ਼ੁਰੂ ਕੀਤੀ ਹੈ। (Alan Liu, 2008:1) ਇਹ ਵਿਚਾਰ ਪੰਜਾਬੀ ਕਵਿਤਾ ਦਾ ਨਵਾਂ ਰੂਪ ਇਕ ਅਲੱਗ ਪੈਰਾਡਾਇਮ ਸ਼ਿਫਟ ਵਿਚੋਂ ਆ ਰਿਹਾ ਹੈ ਜਿਸ ਨੂੰ ਸਥਾਪਿਤ ਹੋਣ ਲਈ ਕਈ ਦਹਾਕੇ ਕੰਮ ਕਰਨਾ ਹੋਵੇਗਾ। ਇਸ ਵਿਚਾਰ ਨੂੰ ਹਾਇਡਗਰ ਵੀ ਮਾਨਤਾ ਦਿੰਦਾ ਹੈ ਕਿ ਵਿਸ਼ਵ ਦੀ ਮੁਕਤੀ ਦਾ ਰਾਹ ਕਵਿਤਾ ਅਤੇ ਚਿੰਤਨ ਦੀ ਅੰਤਰ-ਸੰਬੰਧਿਤ ਅਵਸਥਾ ਵਿਚ ਹੈ। ਸਵੀ ਆਪਣੀ ਕਾਵਿ ਵਿਚ ਲਿਖਦਾ ਹੈ:

*ਉਨਾਂ ਪਲਾਂ 'ਚ*
*ਅੰਦਰ ਬਾਹਰ*
*ਹਿਲ-ਜੁਲ*
*ਲਹਿਰਾਂ 'ਚ ਤਣਾਉ*
*ਸ਼ਬਦਾਂ 'ਚ ਫੈਲਾਉ*
*ਸੁਰ ਸਿਰਜਣ*
*ਕੋਈ ਰਾਗ ਨਵਾਂ*
*ਰੰਗ ਲਿਸ਼ਕਣ*
*ਸਤਰੰਗੀ ਪੀਂਘ 'ਚ ਬੈਠੇ*
*ਕਾਇਨਾਤ*
*ਮਿਲਣ ਲੱਗੀ*
*ਬੀਜ ਪੁੰਗਰਿਆ*
*ਟਾਹਣੀ ਲਹਿਰਾਈ*

*ਡੋਡੀ ਪਲ 'ਚ ਫੁੱਲ ਬਣੀ*
*ਫ਼ੈਲ ਗਈ*
*ਖ਼ੁਸ਼ਬੂ ਚੁਫੇਰ!*
*ਧਰਤ ਗ੍ਰਹਿ*
*ਤੁਰ ਪਏ ਨਵੇਂ ਰਾਹੀਂ*
*ਬ੍ਰਹਿਮੰਡ ਦੀ*
*ਗਹਿਰੀ ਚੁੱਪ 'ਚ*
*ਹੋਣ ਲੱਗੀ ਫੁਸਫੁਸਾਹਟ*
*ਛੂਹ ਦੇ ਪਲਾਂ ਦੀ*
*ਪਹਿਲੀ ਸਰਗੋਸ਼ੀ*
*ਸੂਰਜ ਦੀ ਤਾਰ ਕੋਈ ਲੰਘੀ ਕੋਲੋਂ* (2021:114)

ਸਵਰਨਜੀਤ ਸਵੀ ਮਨ ਦੀ ਚਿਪ ਦੇ ਪ੍ਰਵਚਨ ਰੱਬ ਜਾਂ ਆਤਮ ਤੱਕ ਚਿਹਨ ਸੀਮਿਤ ਨਹੀਂ ਹਨ। ਇਸ ਵਿਚ ਚਿਹਨ ਅਣਉਪਸਥਿਤੀ ਦੀ ਸੰਰਚਨਾ ਹੈ। ਅਰਥਾਤ ਚਿਹਨ ਦੀ ਸਾਰਥਿਕਤਾ ਆਤਮ (Subject) ਤੋਂ ਆਜ਼ਾਦ ਹੋ ਕੇ ਚਿਹਨਾਂ ਦੀਆਂ ਲੜੀਆਂ ਦਾ ਰੂਪ ਲੈ ਲੈਂਦੀ ਹੈ। ਇਹ ਚਿਹਨਾਂ ਦੀਆਂ ਲੜੀਆਂ ਕਾਲ (Time) ਦੇ ਪ੍ਰਭਾਵ ਨਾਲ (1990 ਈਃ ਤੋਂ ਬਾਅਦ ਇਨਸਾਨ ਜਦੋਂ ਜਿਆਦਾਤਰ Cyborg, Pacemaker ਅਤੇ Stent ਉੱਤੇ ਨਿਰਭਰ ਹੋਏ) ਰੂਪ ਬਦਲ ਲੈਂਦੇ ਹਨ। ਇਹ ਦਰਜਾ ਇਤਿਹਾਸਕ ਨਿਸ਼ਾਨਾ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ। ਜਿਵੇਂ ਵੀਹਵੀਂ ਸਦੀ ਵਿਚ Western Philosophy ਦੇ ਵੱਡੇ Traces Speed ਅਤੇ Competition ਬਣੇ ਪਰ ਇਹ ਸੰਪੂਰਨ ਸਥਿਤੀ ਨੂੰ ਮਹਿਸੂਸ ਨਹੀਂ ਕਰ ਸਕੇ। ਇਸ ਨੂੰ South Asian ਧਰਤੀਆਂ ਦੇ thought ਦਾ Art ਆਪਣੀ Beauty ਨਾਲ ਸੰਪੂਰਨ ਕਰ ਕਰਦਾ ਹੈ। ਸਵੀ ਆਪਣੇ ਕਾਵਿ ਰੂਪ ਰਾਹੀਂ ਚਿਹਨਾਂ ਦੀ ਲੜੀਆਂ ਦੀ ਝਲਕ ਪੇਸ਼ ਕਰਦਾ ਹੈ ਜਿਵੇਃ

*ਜ਼ਮੀਨ ਵਿੱਚੋਂ*
*ਅਸਮਾਨ ਤੱਕ ਚਿਣੀਆਂ*
*ਜਨਮ ਦੀਆਂ*
*ਰਹਿਣ ਦੀਆਂ*
*ਹੁਕਮ ਦੀਆਂ*
*ਹਊਮੈ ਦੀਆਂ*
*ਧਰਮ ਦੀਆਂ*
*ਮਰਨ ਦੀਆਂ*
*ਸੜਨ ਦੀਆਂ*
*ਸਮਾਰਕੀ ਸਤਰਾਂ ਦੀ*
*ਇਬਾਰਤ ਬਣੀਆਂ*
*ਮੁਕਤਾ ਦੀ ਭਾਸ਼ਾ*
*ਬੋਲਦੀਆਂ ਇੱਟਾਂ*
*ਸ਼ਮਸਾਨ ਤੱਕ ਵਿਛੀਆਂ*
*ਅਰਪਿਤ ਕਰਦੀਆਂ*
*ਅਸਥੀਆਂ*
*ਵਾਰਸਾਂ ਨੂੰ*
*ਮਨੱਖ ਦੀ ਮਹਾਂਯਾਤਰਾ*
*ਤੇ ਹੋਣ ਥੀਣ*
*ਸਮਝਾਉਂਦੀਆਂ* (2021:122)

ਇਹ ਆਧੁਨਿਕਤਾਵਾਦ ਜੋ ਹੁਣ AI ਅਤੇ ChatGPT ਦਾ ਰੂਪ ਲੈ ਚੁੱਕਾ ਹੈ। ਇਸ ਦੇ ਪ੍ਰਭਾਵ ਤੇ

ਨਤੀਜਿਆਂ ਨਾਲ ਕਿਵੇਂ ਨਿਬੜਨਾ ਹੈ? ਇਸ ਅਧੁਨਿਕਤਾਵਾਦ ਦੀ ਕੱਟੜਤਾ ਨੇ ਧਰਤੀ ਦੇ ਆਮ ਇਨਸਾਨ ਨੂੰ ਹਾਸ਼ੀਏ 'ਤੇ ਕਰ ਦਿੱਤਾ ਹੈ। ਇਸ ਨਾਲ ਆਮ ਮਨੁੱਖ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ। ਇਹ ਇਸ ਲਈ ਵਾਪਰਿਆ ਕਿ ਆਧੁਨਿਕਤਾ ਦੇ ਮਾਡਲ ਵਿਚ ਮਨੁੱਖਤਾ ਸੈਂਟਰ ਵਿਚ ਹੈ ਹੀ ਨਹੀਂ। ਇਹ ਕੁੱਝ ਮਨੁੱਖਾਂ ਦੀ ਪਾਵਰ ਵਿਚ ਤਬਦੀਲ ਕਰਨ ਦਾ ਰਸਤਾ ਸੀ। ਇਸ ਲਈ ਇਹਨਾਂ ਇਕੀਵੀਂ ਸਦੀ ਦੇ ਪ੍ਰਮੁੱਖ ਸਵਾਲਾਂ ਦਾ ਬਦਲਾਅ ਕੀ ਹੋਵੇ? ਇਸ ਦੌਰ ਦੀ ਨੈਤਿਕਤਾ ਕੀ ਬਣੇ? ਇਸ ਸੰਕਟ ਦੌਰ ਵਿਚ ਅਰਥ ਭਰਪੂਰ ਡਾਟਾ ਹੀ ਦੁਨੀਆ ਦੇ ਬਦਲਾਅ ਦੀ ਦਿਸ਼ਾ ਪ੍ਰਦਾਨ ਕਰ ਸਕਦਾ ਹੈ। ਇਹ ਡਾਟਾ ਸਵੀ ਵਰਗੀਆਂ ਸਿਰਜਨਾ ਦੀਆਂ ਟੈਕਸਟਾਂ ਵਿਚੋਂ ਹੀ ਮਿਲ ਸਕਦਾ ਹੈ। ਜਿਸ ਵਿਚ ਸ਼ਬਦ, ਸੁਰਤਿ, ਧੁਨਿ, ਮੂਰਤਿ ਦਾ ਇਕ ਨਵਾਂ ਪੈਟਰਨ ਹੀ ਨਵੀਂ ਦਿਸ਼ਾ ਨਿਰਦੇਸ਼ ਪ੍ਰਦਾਨ ਕਰ ਸਕਦੀ ਹੈ। ਇਹ ਪੈਟਰਨ ਪਰਪੰਰਾ, ਆਧੁਨਿਕਤਾਵਾਦ ਅਤੇ ਉਤਰ-ਆਧੁਨਿਕਤਾਵਾਦ ਦੇ ਨਾਲ ਸੰਵਾਦਕ ਦ੍ਰਿਸ਼ਟੀਕੋਣ ਵਿਚ ਹੋਣਗੇ। ਇਸ ਤਰਾਂ ਦੀ ਅਧਿਐਨ ਵਿਧੀਆਂ ਨੂੰ ਇਹਨਾਂ ਧਰਤੀਆਂ ਦੇ ਵਸਤੂ ਸਮੱਗਰੀ (Data) ਵਿਚੋਂ ਹੀ ਤਿਆਰ ਕਰ ਸਕਦੇ ਹਾਂ।

ਅਖੀਰ ਵਿਚ, ਸਾਹਿਤਕ ਪਾਠ ਸਿਰਫ਼ ਇਕ ਅਭਿਵਿਅਕਤੀ ਦਾ ਮਾਧਿਅਮ ਨਹੀਂ, ਸਗੋਂ ਇਹ ਇਕ ਜੀਵੰਤ ਥਾਂ ਹੈ ਜਿੱਥੇ ਕਈ ਅਰਥ, ਵਿਚਾਰਧਾਰਾਵਾਂ ਅਤੇ ਵਾਦ-ਵਿਵਾਦ ਆਪਸੀ ਟਕਰਾਅ ਵਿਚ ਆਉਂਦੇ ਹਨ। ਸੰਰਚਨਾਵਾਦ, ਉਤਰ-ਸੰਰਚਨਾਵਾਦ, ਅੰਤਰ-ਪਾਠਕਤਾ ਅਤੇ ਪਾਠਕ-ਕੇਂਦਰਤ ਆਲੋਚਨਾ ਵਰਗੀਆਂ ਸਿਧਾਂਤਕ ਪਹੁੰਚਾਂ ਇਹ ਦਰਸਾਉਂਦੀਆਂ ਹਨ ਕਿ ਸਾਹਿਤਕ ਪਾਠ ਸਿਰਫ਼ ਕਹਾਣੀ ਜਾਂ ਰਚਨਾ ਨਹੀਂ, ਸਗੋਂ ਇਕ ਗੁੰਝਲਦਾਰ ਸੰਕੇਤਕ ਅਤੇ ਸੱਭਿਆਚਾਰਕ ਕੋਡਾਂ ਦਾ ਜਾਲ ਹੈ। ਇਸ ਲਈ, ਇਕ ਸਾਹਿਤਕ ਪਾਠ ਨੂੰ ਸਮਝਣ ਲਈ ਸੰਵੇਦਨਸ਼ੀਲ ਅਤੇ ਆਲੋਚਨਾਤਮਕ ਪਾਠ ਦੀ ਲੋੜ ਹੁੰਦੀ ਹੈ ਜੋ ਉਸ ਦੀ ਬਹੁਅਰਥਤਾ, ਇਤਿਹਾਸਕ ਸੰਦਰਭ ਅਤੇ ਹੋਰ ਪਾਠਾਂ ਨਾਲ ਉਸਦੇ ਸੰਵਾਦਕ ਸੰਬੰਧ ਨੂੰ ਮਾਨਤਾ ਦੇਵੇ। ਜਿਵੇਂ-ਜਿਵੇਂ ਸਿਧਾਂਤਕ ਢਾਂਚੇ ਵਿਕਸਤ ਹੋ ਰਹੇ ਹਨ, ਅਸੀਂ ਸਾਹਿਤ ਨੂੰ ਸਮਝਣ ਦੇ ਨਵੇਂ ਰਾਹ ਖੋਲ੍ਹ ਰਹੇ ਹਾਂ, ਜੋ ਸਾਨੂੰ ਇਹ ਯਾਦ ਦਿਲਾਉਂਦੇ ਹਨ ਕਿ ਅਰਥ ਕਦੇ ਵੀ ਅਟੱਲ ਨਹੀਂ ਹੁੰਦੇ ਉਹ ਸਦਾ ਗਤੀਸ਼ੀਲ ਹੁੰਦੇ ਹਨ।

✧